# ਜਮਾਤ - ਨੌਵੀਂ , ਵਿਸ਼ਾ - ਪੰਜਾਬੀ

## ਮੁੜ ਵੇਖਿਆ ਪਿੰਡ

## ਸੰਖੇਪ ਉੱਤਰ ਵਾਲੇ ਪ੍ਰਸ਼ਨ

**ਪ੍ਰਸ਼ਨ 1. ਲੇਖਕ ਭੇਰੇ ਜਾਣ ਲਈ ਕਿਉਂ ਉਤਾਵਲਾ ਹੈ ?**

ਉੱਤਰ - ਭੇਰਾ ਲੇਖਕ ਦਾ ਜੱਦੀ ਸ਼ਹਿਰ ਹੈ। ਜਿੱਥੇ ਉਸ ਨੇ ਆਪਣੇ ਜੱਦੀ ਘਰ ਵਿੱਚ ਆਪਣਾ ਬਚਪਨ ਗੁਜ਼ਾਰਿਆ ਸੀ। ਦੇਸ਼ ਦੀ ਵੰਡ ਤੋਂ ਪਹਿਲਾਂ ਭੇਰੇ ਦੀਆਂ ਗਲੀਆਂ ਨਾਲ ਉਸ ਦੀ ਬਚਪਨ ਦੀ ਸਾਂਝ ਸੀ। ਇਸ ਕਰਕੇ ਹੀ ਉਹ ਭੇਰੇ ਜਾਣ ਲਈ ਉਤਾਵਲਾ ਹੈ ।

**ਪ੍ਰਸ਼ਨ 2. ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇੰਸਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ ?**

ਉੱਤਰ - ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇੰਸਪੈਕਟਰ ਦੋਵੇਂ ਹੀ ਲੇਖਕ ਨਾਲ ਬੜੀ ਹਮਦਰਦੀ ਤੇ ਪਿਆਰ ਭਾਵਨਾ ਨਾਲ ਪੇਸ਼ ਆਏ। ਉਨਾਂ ਨੇ ਲੇਖਕ ਦੇ ਸੁੱਖ ਤੇ ਭਾਵਨਾਵਾਂ ਦਾ ਪੂਰਾ ਖ਼ਿਆਲ ਰੱਖਿਆ। ਇੰਸਪੈਕਟਰ ਨੇ ਪਾਸਪੋਰਟ ਉੱਤੇ ਆਮਦ ਅਤੇ ਰੁਖ਼ਸਤ ਦੇ ਦੋਵੇਂ ਅੰਦਰਾਜ਼ ਇੱਕ ਵਾਰੀ ਹੀ ਕਰ ਦਿੱਤੇ, ਤਾਂ ਜੋ ਦੁਬਾਰਾ ਲੇਖਕ ਨੂੰ ਕੋਤਵਾਲੀ ਨਾ ਆਉਣਾ ਪਵੇ।

**ਪ੍ਰਸ਼ਨ 3. ਭੇਰਾ ਸ਼ਹਿਰ ਵਿਚ ਖੁਖਰਾਨ ਬਰਾਦਰੀ ਵਾਲਿਆਂ ਦੇ ਕਿਹੜੇ-ਕਿਹੜੇ ਮੁਹੱਲੇ ਸਨ ?**

ਉੱਤਰ - ਭੇਰਾ ਨਿੱਕਾ ਜਿਹਾ ਸ਼ਹਿਰ ਸੀ, ਜਿਸ ਵਿਚ ਖੁਖਰਾਨ ਬਰਾਦਰੀ ਵਾਲਿਆਂ ਦੇ ਅਲੱਗ-ਅਲੱਗ ਮੁਹੱਲੇ ਸਨ। ਸਾਹਨੀਆਂ ਦਾ ਮੁਹੱਲਾ, ਅਨੰਦਾਂ ਦਾ ਮੁਹੱਲਾ ਅਤੇ ਕੋਹਲੀਆਂ ਦਾ ਮੁਹੱਲਾ ਆਦਿ।

**ਪ੍ਰਸ਼ਨ 4. 'ਕੀ ਕਰਾਂ ਜੀ ਮਿੱਟੀ ਖਿੱਚ ਲਿਆਈ ਏ' ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?**

ਉੱਤਰ - ਇਹ ਸ਼ਬਦ 'ਮੁੜ ਵੇਖਿਆ ਪਿੰਡ' ਲੇਖ ਵਿਚ ਲੇਖਕ ਬਲਰਾਜ ਸਾਹਨੀ ਨੇ ਭੁੱਲੋਵਾਲ ਬੱਸ ਅੱਡੇ ਦੇ ਮੁੰਤਜ਼ਿਮ ਨੂੰ ਉਸ ਸਮੇਂ ਕਹੇ, ਜਦੋਂ ਉਸ ਨੇ ਲੇਖਕ ਨੂੰ ਸਵਾਲ ਕਰਕੇ ਕਿਹਾ,"ਭੇਰੇ ਵਿੱਚ ਹੁਣ ਹੈ ਕੀ, ਜਿਸ ਨੂੰ ਵੇਖਣ ਟੁਰੀ ਜਾ ਰਹੇ ਹੋ?"

**ਪ੍ਰਸ਼ਨ 5. ਲੇਖਕ ਨੂੰ ਆਪਣੀ ਗਲੀ ਦਾ ਦ੍ਰਿਸ਼ ਦੇਖ ਕੇ ਕਿਵੇਂ ਮਹਿਸੂਸ ਹੋਇਆ ?**

ਉੱਤਰ - ਲੇਖਕ ਨੂੰ ਯਾਦ ਸੀ ਕਿ ਉਸ ਦੀ ਆਪਣੀ ਗਲੀ ਦੀ ਨੁੱਕਰ ਉੱਤੇ ਇਕ ਖੂਹ ਹੁੰਦਾ ਸੀ। ਲੇਖਕ ਨੂੰ ਕੋਸ਼ਿਸ਼ ਕਰਨ 'ਤੇ ਖੂਹ ਤਾਂ ਲੱਭ ਗਿਆ, ਪਰ ਹੁਣ ਉੱਥੇ ਨਾ ਕੋਈ ਗਲੀ ਤੇ ਨਾ ਹੀ ਮਕਾਨ ਸੀ। ਭਾਰਤ ਵੰਡ ਤੋਂ ਪਹਿਲਾਂ ਇਸ ਖੂਹ ਦੇ ਬਿਲਕੁਲ ਸਾਹਮਣੇ ਲੇਖਕ ਦੇ ਚਾਚੇ ਦਾ ਘਰ ਸੀ। ਜਿਸ ਥਾਂ ਗਲੀਆਂ ਦਾ ਮੇਲ ਹੁੰਦਾ, ਉਹ ਖੁੱਲ੍ਹੀ ਥਾਂ ਸੀ। ਉੱਥੇ ਸਾਰਾ ਦਿਨ ਔਰਤਾਂ ਚਰਖੇ ਚਲਾਉਂਦੀਆਂ ਰਹਿੰਦੀਆਂ ਸਨ। ਲੇਖਕ ਦੇ ਚਾਚੇ ਦੇ ਘਰ ਦਾ ਦਰਵਾਜ਼ਾ ਪੁਰਾਣੀ ਕਿਸਮ ਦਾ ਸੀ, ਜਿਸ ਦੀ ਲੱਕੜੀ ਉੱਪਰ ਬਿਹਤਰੀਨ ਚੋਬਕਾਰੀ ਦਾ ਕੰਮ ਹੋਇਆ ਸੀ।

**ਪ੍ਰਸ਼ਨ 6. ਚੌਧਰੀ ਗ਼ੁਲਾਮ ਮੁਹੰਮਦ ਦਾ ਲੇਖਕ ਨਾਲ ਕੀ ਰਿਸ਼ਤਾ ਸੀ ?**

ਉੱਤਰ - ਚੌਧਰੀ ਗ਼ੁਲਾਮ ਮੁਹੰਮਦ ਅਤੇ ਲੇਖਕ ਇੱਕੋ ਦਾਦੇ ਦੇ ਪੋਤਰੇ ਸਨ। ਭਾਰਤ ਦੀ ਵੰਡ ਤੋਂ ਮਗਰੋਂ ਗ਼ੁਲਾਮ ਮੁਹੰਮਦ ਮੁਸਲਮਾਨ ਬਣ ਗਿਆ ਸੀ, ਪਰ ਲੇਖਕ ਹਿੰਦੂ ਹੀ ਰਿਹਾ।

**ਪ੍ਰਸ਼ਨ 7. ਲੇਖਕ ਆਪਣੇ ਘਰ ਨੂੰ ਵੇਖਣ ਸਮੇਂ ਕਿਉਂ ਆਪਾ ਗੁਆ ਬੈਠਿਆ ?**

ਉੱਤਰ - ਆਪਣਾ ਘਰ ਦੇਖ ਕੇ ਲੇਖਕ ਇਸ ਲਈ ਆਪਾ ਗੁਆ ਬੈਠਿਆ, ਕਿਉਂਕਿ ਉਸ ਘਰ ਨਾਲ ਉਸ ਦੀਆਂ ਬਚਪਨ ਦੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਸਨ। ਉਹ ਆਪਣੀ ਮਰ ਚੁੱਕੀ ਭੈਣ ਨੂੰ ਯਾਦ ਕਰ ਕੇ ਆਪੇ ਤੋਂ ਬਾਹਰ ਹੋ ਕੇ ਰੋਣ ਲੱਗ ਪਿਆ, ਜਿਸ ਦੀ ਕਿ ਉੱਥੇ ਕੁੜਮਾਈ ਹੋਈ ਸੀ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਮੁੜ ਵੇਖਿਆ ਪਿੰਡ' ਲੇਖ ਕਿਸ ਦੀ ਰਚਨਾ ਹੈ ?**

ਉੱਤਰ - ਬਲਰਾਜ ਸਾਹਨੀ ਦੀ ।

**ਪ੍ਰਸ਼ਨ 2. ਲੇਖਕ ਵੰਡ ਤੋਂ ਬਾਅਦ ਭੇਰੇ ਕਦੋਂ ਗਿਆ ?**

ਉੱਤਰ - 16 ਅਕਤੂਬਰ, 1962 ਈ: ਨੂੰ ।

**ਪ੍ਰਸ਼ਨ 3. ਭੇਰੇ ਰੇਲਵੇ ਸਟੇਸ਼ਨ ਵੱਲੋਂ ਆਉਂਦੇ ਸਭ ਤੋਂ ਪਹਿਲਾਂ ਕਿਹੜਾ ਮੁਹੱਲਾ ਆਉਂਦਾ ਹੈ ?**

ਉੱਤਰ - ਸਾਹਨੀਆਂ ਦਾ ਮੁਹੱਲਾ ।

**ਪ੍ਰਸ਼ਨ 4. ਕਿਹੜਾ ਆਦਮੀ ਭੇਰੇ ਦੇ ਸਾਹਨੀਆਂ ਨੂੰ ਜਾਣਦਾ ਸੀ ?**

ਉੱਤਰ - ਪੁਲਿਸ ਇੰਸਪੈਕਟਰ ।

**ਪ੍ਰਸ਼ਨ 5. ਭੇਰੇ ਵਿਚ ਲੇਖਕ ਦੀ ਗਲ਼ੀ ਦੀ ਨੁੱਕਰ 'ਤੇ ਕੀ ਹੁੰਦਾ ਸੀ ?**

ਉੱਤਰ - ਖੂਹ ।

**ਪ੍ਰਸ਼ਨ 6. ਕੌਣ ਇੱਕ ਦਾਦੇ ਦੇ ਪੋਤਰੇ ਸਨ ?**

ਉੱਤਰ - ਲੇਖਕ ਤੇ ਚੌਧਰੀ ਗ਼ੁਲਾਮ ਮੁਹੰਮਦ ।

**ਪ੍ਰਸ਼ਨ 7. ਲੇਖਕ ਬਚਪਨ ਵਿਚ ਕਿਸ ਦੇ ਨਾਲ ਖੇਡਿਆ ਸੀ ?**

ਉੱਤਰ - ਚੌਧਰੀ ਗ਼ੁਲਾਮ ਮੁਹੰਮਦ ਨਾਲ ।

**ਪ੍ਰਸ਼ਨ 8. ਚੌਧਰੀ ਗ਼ੁਲਾਮ ਮੁਹੰਮਦ ਦੇ ਪੁੱਤਰ ਦਾ ਕੀ ਨਾਂ ਸੀ ?**

ਉੱਤਰ - ਅਨਵਰ ।

**ਪ੍ਰਸ਼ਨ 9. ਭੇਰੇ ਦਾ ਪੈਂਡਾ ਕਿੰਨਾ ਸੀ ?**

ਉੱਤਰ - ਸੱਠ-ਸੱਤਰ ਮੀਲ ।

**ਪ੍ਰਸ਼ਨ 10. ਭੇਰੇ ਜਾਣ ਸਮੇਂ ਲੇਖਕ ਦੇ ਨਾਲ ਉਸਦੇ ਹੋਰ ਕਿਹੜੇ ਦੋਸਤ ਸਨ ?**

ਉੱਤਰ - ਸਿਕੰਦਰ, ਸ਼ਾਕਿਰ, ਮੁਸਤਹਿਮੀਨ ।

**ਪ੍ਰਸ਼ਨ 11. ਲੇਖਕ ਭੇਰੇ ਦੇ ਕਿਹੜੇ ਦਰਵਾਜ਼ੇ ਦਾ ਜ਼ਿਕਰ ਕਰਦਾ ਹੈ ?**

ਉੱਤਰ - ਬਲੋਚੀ ਦਰਵਾਜੇ ਦਾ ।

**ਪ੍ਰਸ਼ਨ 12. ਲੇਖਕ ਆਪਣਾ ਘਰ ਦੇਖ ਕੇ ਕਿਸ ਨੂੰ ਯਾਦ ਕਰਕੇ ਰੋਣ ਲੱਗ ਪਿਆ ?**

ਉੱਤਰ - ਆਪਣੀ ਮਰ ਚੁੱਕੀ ਭੈਣ ਨੂੰ ।

**ਪ੍ਰਸ਼ਨ 13. ਲੇਖਕ ਦੇ ਛੋਟੇ ਭਰਾ ਦਾ ਕੀ ਨਾਂ ਸੀ ?**

ਉੱਤਰ - ਭੀਸ਼ਮ ।

**ਪ੍ਰਸ਼ਨ 14. ਭੁਲੇਵਾਲ ਭੇਰੇ ਤੋਂ ਕਿੰਨੀ ਦੂਰ ਹੈ।**

ਉੱਤਰ - ਦਸ-ਬਾਰਾਂ ਮੀਲ ।



**ਗੁਰਦੀਪ ਸਿੰਘ ਬਰਾੜ ਪੰਜਾਬੀ ਮਾਸਟਰ ਸਸਸਸ ਕੋਟਲੀ ਅਬਲੂ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਮੋ 9193700037**